# तेरे मोर नू झांजरां पावा

ਕਿਰਪਾ ਤੇਰੀ ਤੇ ਰੋਟੀ, ਮਿਲੇ ਦਿਨ ਰਾਤ ਦੀ ।
ਦੋਵੇਂ ਹੱਥ ਜੋੜ ਕੇ ਮੈਂ, ਏਹੋ ਗੱਲ ਆਖਦੀ ॥
*ਤੇਰਾ ਹਰ ਪਲ, ਸ਼ੁਕਰ ਮਨਾਵਾਂ,
ਐਨੇ ਜੋਗੀ, ਕਰੀਂ ਜੋਗੀਆ,
*ਤੇਰੇ ਮੋਰ ਨੂੰ, ਝਾਂਜਰਾਂ ਪਾਵਾਂ,
ਐਨੇ ਜੋਗੀ, ਕਰੀਂ ਜੋਗੀਆ ॥

ਕਦੋ ਦੱਸ ਦੇਵੇਂਗਾ, ਸਹਾਰੇ ਮੇਰੇ ਜੋਗੀਆ ।
ਭਾਂਡੇ ਮਾਂਜ ਕਰਦੀ, ਗੁਜ਼ਾਰੇ ਮੇਰੇ ਜੋਗੀਆ ॥
*ਓਹਲਾ ਕੋਈ ਨਹੀਂਓਂ, ਸੱਚੀਆਂ ਸੁਣਾਵਾਂ,
ਐਨੇ ਜੋਗੀ, ਕਰੀਂ ਜੋਗੀਆ,,,
*ਤੇਰੇ ਮੋਰ ਨੂੰ, ਝਾਂਜਰਾਂ ਪਾਵਾਂ,
ਐਨੇ ਜੋਗੀ, ਕਰੀਂ ਜੋਗੀਆ ॥

ਨੰਗੇ ਪੈਰੀਂ ਆਵਾਂ ਤੇਰੇ, ਦਰ ਉੱਤੇ ਚੱਲ ਕੇ ।
ਗੁਫਾ ਵਿੱਚ ਬੈਠ ਜਾ, ਦਵਾਰਾ ਤੇਰਾ ਮੱਲ੍ਹ ਕੇ ॥
*ਰ੍ਹਵਾਂ ਤੱਕਦੀ, ਤੇਰੀਆਂ ਰਾਹਵਾਂ,
ਐਨੇ ਜੋਗੀ, ਕਰੀਂ ਜੋਗੀਆ,,,
*ਤੇਰੇ ਮੋਰ ਨੂੰ, ਝਾਂਜਰਾਂ ਪਾਵਾਂ,
ਐਨੇ ਜੋਗੀ, ਕਰੀਂ ਜੋਗੀਆ ॥

ਢੋਲ ਦੇ ਧਮੱਕੇ ਨਾਲ, ਲੈ ਕੇ ਆਵਾਂ ਸੰਗ ਨੂੰ ।
ਕਰਦੇ ਚੌਹਾਨ ਦੀ ਤੂੰ, ਪੂਰੀ ਇਸ ਮੰਗ ਨੂੰ ॥
*ਹੋ ਚੌਂਕੀ ਲਾਉਣ ਲਈ, ਮੈਂ ਤਾਜ਼ ਨੂੰ ਬੁਲਾਵਾਂ,
ਐਨੇ ਜੋਗੀ ਕਰੀਂ ਜੋਗੀਆ,,,
*ਤੇਰੇ ਮੋਰ ਨੂੰ, ਝਾਂਜਰਾਂ ਪਾਵਾਂ,
ਐਨੇ ਜੋਗੀ ਕਰੀਂ ਜੋਗੀਆ ॥

ਅਪਲੋਡਰ- ਅਨਿਲਰਾਮੂਰਤੀਭੋਪਾਲ


https://bhajanganga.com/bhajan/lyrics/id/27779/title/tere-mor-nu-jhanjra-pava

अपने Android मोबाइल पर BhajanGanga App डाउनलोड करें और भजनों का आनंद ले |